# 60

# ਬਾਕੀ ਦੀ ਕਹਾਣੀ

## ਲੂਕਾ 15:25-32, ਇਕ ਨੇੜ ਝਾਤ

ਅਮਰੀਕਾ ਵਿਚ ਰੇਡੀਓ ਤੇ ਕਮੈਂਟਰੀ ਕਰਨ ਵਾਲੇ ਪੋਲ ਹਾਰਵੇ ਨੂੰ ''ਦ ਰੈਸਟ ਆਫ਼ ਦ ਸਟੋਰੀ'' ਭਾਵ ''ਬਾਕੀ ਦੀ ਕਹਾਣੀ'' ਦੱਸਣ ਵਾਲੇ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਯਿਸੂ ਨੇ ਗੁਆਚੀ ਹੋਈ ਭੇਡ, ਸਿੱਕੇ ਅਤੇ ਪੁੱਤਰ ਦੀ ਗੱਲ ਦੱਸਣ ਦੇ ਬਾਅਦ ਇਕ ਵੱਡੇ ਭਰਾ ਦੀ, ਜੋ ਘਰ ਵਿਚ ਰਹਿ ਗਿਆ ਸੀ ''ਬਾਕੀ ਦੀ ਕਹਾਣੀ'' ਦੱਸੀ (ਲੂਕਾ 15:25–32)। ਮਿਸਟਰ ਹਾਰਵੇ ਦੀ ''ਬਾਕੀ ਦੀ ਕਹਾਣੀ'' ਯਕੀਨੀ ਤੌਰ ਤੇ ਉਦਾਸ ਕਰਨ ਵਾਲੀ ਹੈ, ਕਹਾਣੀ ਦਾ ਇਕ ਭਾਗ ਫਰੀਸੀਆਂ ਨੂੰ ਸ਼ਾਮਿਲ ਕਰਨ ਲਈ ਆਖਿਆ ਗਿਆ ਸੀ, ਜੋ ਪਾਪੀਆਂ ਦਾ ਦੋਸਤ ਹੋਣ ਲਈ ਯਿਸੂ ਦੀ ਆਲੋਚਨਾ ਕਰਦੇ ਸਨ (ਲੂਕਾ 15:1–3)।

ਲੂਕਾ 15 ਨੂੰ ''ਬਾਕੀ ਦੀ ਕਹਾਣੀ'' ਮੈਨੂੰ ਪਰੇਸ਼ਾਨ ਕਰਦੀ ਹੈ, ਕਿਉਂਕਿ ਮੈਂ ਦੋ ਭਰਾਵਾਂ ਤੋਂ ਵੱਡਾ ਹਾਂ। ਪੁਰਾਣੇ ਨੇਮ ਦੇ ਅਧੀਨ, ਛੋਟੇ ਬੇਟੇ ਤੋਂ ਦੁੱਗਣੀ ਜ਼ਾਇਦਾਦ ਮਿਲਦੀ ਹੈ (ਵਿਵਸਥਾ ਸਾਰ 21:17); ਇਸ ਤੋਂ ਅਲਹਿਦਾ ਵੱਡਾ ਹੋਣ ਦੇ ਅਧੀਨ ਲਾਭ ਨਹੀਂ ਹੈ। ਆਮ ਤੌਰ ਤੇ ਸਭ ਤੋਂ ਵੱਡੇ ਪੁੱਤਰ ਤੋਂ ਸਭ ਤੋਂ ਜ਼ਿਆਦਾ ਆਸ ਕੀਤੀ ਜਾਂਦੀ ਹੈ, ਅਤੇ ਆਸ ਉੱਤੇ ਖਰਾ ਉੱਤਰਨਾ ਉਨ੍ਹਾਂ ਦੀ ਮੁਸ਼ਕਿਲ ਹੁੰਦੀ ਹੈ।[1] ਸੱਚ ਆਖੀਏ ਤਾਂ ਬਾਈਬਲ ਵਿਚ ਜ਼ਿਆਦਾਤਰ ਵੱਡੇ ਭਰਾ ਬਹੁਤ ਚੰਗੇ ਨਹੀਂ ਸਨ:[2] ਵੱਡੇ ਭਰਾ ਕਇਨ ਨੇ ਆਪਣੇ ਛੋਟੇ ਭਰਾ ਨੂੰ ਮਾਰ ਦਿੱਤਾ ਸੀ (ਉਤਪਤ 4)। ਵੱਡੇ ਭਰਾ ਏਸਾਓ ਨੂੰ ਮੁੱਲ ਦੀ ਕੋਈ ਕਦਰ ਨਹੀਂ ਸੀ (ਉਤਪਤ 25:29–34)। ਦਾਊਦ ਦੇ ਇਕ ਵੱਡੇ ਭਰਾ ਨੇ ਉਸ ਨੂੰ ਦੁਖੀ ਕੀਤਾ ਸੀ (1 ਸਮੂਏਲ 17:28)।

ਇਸ ਨਾਲੋਂ ਵੀ ਅਹਿਮ ਹੈ ਕਿ ਲੂਕਾ 15 ਦੀ ''ਬਾਕੀ ਦੀ ਕਹਾਣੀ'' ਮੈਨੂੰ ਨਿਰਾਸ਼ ਕਰ ਦਿੰਦੀ ਹੈ, ਕਿਉਂਕਿ ਯਿਸੂ ਦੀ ਇਸ ਤਸਵੀਰ ਵਿਚ ਕਈ ਵਾਰ ਮੈਨੂੰ ਆਪਣਾ ਮੂੰਹ ਵਿਖਾਈ ਦਿੰਦਾ ਹੈ। ਆਇਤਾਂ 25 ਤੋਂ 30 ਮੈਨੂੰ ਗੰਭੀਰਤਾ ਨਾਲ ਆਪਣੀ ਜਾਚ ਕਰਨ ਲਈ ਮਜਬੂਰ ਕਰਦੀਆਂ ਹਨ। ਸ਼ਾਇਦ ਇਹ ਆਇਤਾਂ ਤੁਹਾਨੂੰ ਵੀ ਮਜਬੂਰ ਕਰਦੀਆਂ ਹਨ।

### ਬਿਨਾਂ ਮੈਦਾਨ ਛੱਡੇ ''ਭੱਜ ਜਾਣਾ'' ਸੰਭਵ ਹੈ (ਆਇਤਾਂ 25-30)

ਵੱਡੇ ਭਰਾ ਵਿਚ ਕੁਝ ਚੰਗੇ ਗੁਣ ਸਨ, ਜਿਵੇਂ ਕਿ ਉਹ ਬਾਗ਼ੀ ਨਹੀਂ ਸੀ: ਉਹ ਘਰੋਂ ਨਹੀਂ ਭੱਜਾ ਸੀ ਅਤੇ ਉਹਦੇ ਮਾਪਿਆਂ ਨੂੰ ਇਹ ਫ਼ਿਕਰ ਨਹੀਂ ਹੁੰਦਾ ਸੀ ਕਿ ਐਨੀ ਰਾਤ ਉਹ ਕਿੱਥੇ ਹੋਵੇਗਾ। ਉਹ ਆਦਮੀ ਨਹੀਂ ਸੀ: ਉਹ ਕਈ ਸਾਲਾਂ ਤਕ ਈਮਾਨਦਾਰੀ ਨਾਲ ਆਪਣੇ ਪਿਤਾ ਦੀ ਸੇਵਾ ਕਰਦਾ ਰਿਹਾ ਸੀ (ਆਇਤ 29) ਅਤੇ ਆਪਣੇ ਭਰਾ ਦੇ ਘਰ ਦੇ ਸਮੇਂ ਉਹ ''ਖੇਤ ਵਿਚ'' ਸੀ (ਆਇਤ 25; ਵੇਖੋ ਉਤਪਤ 3:19)। ਉਹ ਚਰਿੱਤਰਹੀਨ ਨਹੀਂ ਸੀ; ਸਾਫ਼ ਤੌਰ ਤੇ ਉਹ ਸਰੀਰ ਵਿਚ ਕੀਤੇ ਜਾਣ ਵਾਲੇ ਪਾਪ ਦੇ ਵਿਰੁੱਧ ਸੀ (ਆਇਤ 30), ਸੋ ਉਸਦੀ ਜ਼ਿੰਦਗੀ ਚੰਗੀਆਂ ਆਦਤਾਂ ਵਾਲੀ ਭਾਵ ਇਖ਼ਲਾਕੀ ਰਹੀ ਹੋਵੇਗੀ। ਤਾਂ ਵੀ ਉਹ ਬਿਨਾਂ ਘਰ ਛੱਡ ਕੇ ਹੀ ਪਾਪ ਦੇ ''ਦੂਰ ਦੇਸ਼'' ਵਿਚ ਚਲਿਆ ਗਿਆ ਸੀ।[3]

(1) ਉਹ ਆਪਣੇ ਆਪ ਵਿਚ ਧਰਮੀ ਸੀ: ''*ਮੈਂ* ਐੱਨੇ ਵਰ੍ਹਿਆਂ ਤੋਂ ਤੁਹਾਡੀ ਟਹਿਲ ਕਰਦਾ ਹਾਂ ਅਤੇ ਤੁਹਾਡਾ ਹੁਕਮ ਕਦੇ ਨਹੀਂ ਮੋੜਿਆ'' (ਆਇਤ 29)। ਕਈ ਵਾਰ ਸਾਨੂੰ ਲਗਦਾ ਹੈ ਕਿ ਅਸੀਂ ਦੂਜੇ ਨਾਲੋਂ ਚੰਗੇ ਹਾਂ, ਕਿਉਂਕਿ ਅਸੀਂ ਉਹ ਪਾਪ ਨਹੀਂ ਕੀਤਾ ਜੋ ਉਨ੍ਹਾਂ ਨੇ ਕੀਤਾ ਹੁੰਦਾ ਹੈ। ਸਾਡੇ ਪਾਪ ਆਤਮਾ ਨੂੰ ਓਨੀ ਹੀ ਛੇਤੀ ਦੋਸ਼ੀ ਗੁਨਾਹਗਾਰ ਠਹਿਰਾਂਦੇ ਹਨ, ਜਿੰਨੀ ਛੇਤੀ ਸਰੀਰ ਵਿਚ ਕੀਤਾ ਪਾਪ।

(2) ਉਹ ਦੋਸ਼ ਲਾਉਣ ਵਾਲਾ ਸੀ: ''ਜਦ ਤੁਹਾਡਾ ਇਹ ਪੁੱਤਰ ਆਇਆ ਜਿਹ ਨੇ ਕੰਜਰੀਆਂ ਦੇ ਮੂੰਹ ਤੇਰੀ ਪੂੰਜੀ ਉਡਾ ਦਿੱਤੀ, ...'' (ਆਇਤ 30)। ਹੋ ਸਕਦਾ ਹੈ ਕਿ ਇਹ ਇਲਜ਼ਾਮ ਸਹੀ ਹੋਵੇ ਅਤੇ ਹੋ ਸਕਦਾ ਹੈ ਕਿ ਸਹੀ ਵੀ ਨਾ ਹੋਵੇ। ਕਈ ਵਾਰ ਅਸੀਂ ਇਹ ਮੰਨ ਲੈਂਦੇ ਹਾਂ ਕਿ ਦੂਜੇ ਲੋਕ ਉਸ ਗੱਲ ਦੇ ਦੋਸ਼ੀ ਹਨ, ਜਿਸ ਦਾ ਮੌਕਾ ਮਿਲ ਜਾਂਦਾ ਹੈ ਤਾਂ ਅਸੀਂ ਵੀ ਦੋਸ਼ੀ ਹੁੰਦੇ ਹਾਂ।

(3) ਉਹ ਮਾਫ਼ ਕਰਨ ਵਾਲਾ ਨਹੀਂ ਸੀ (ਆਇਤਾਂ 28–30)।

(4) ਉਹ ਖੁਦਗਰਜ਼, ਬੇਪਰਵਾਹ ਆਦਮੀ ਸੀ (ਆਇਤਾਂ 29, 30)। ਫਰੀਸੀਆਂ ਵਾਂਗ ਉਸਨੂੰ ਗੁਆਚੇ ਹੋਇਆਂ ਦੀ ਕੋਈ ਫ਼ਿਕਰ ਨਹੀਂ ਸੀ।

(5) ਉਹ ਕ੍ਰੋਧੀ ਸੀ[4] (ਆਇਤ 28)।

(6) ਉਹ ਆਪਣੇ ਪਿਤਾ ਤੇ ਪੱਖਪਾਤ ਦਾ ਇਲਜ਼ਾਮ ਲਾਉਂਦੇ ਹੋਏ ਸਖ਼ਤ ਹੋ ਗਿਆ ਸੀ: ''... ਤੁਸਾਂ *ਮੈਨੂੰ* ਕਦੇ ਇਕ ਪਠੋਰਾ ਵੀ ਨਾ ਦਿੱਤਾ, ... ਪਰ ... ਉਸ ਲਈ ਪਲਿਆ ਹੋਇਆ ਵੱਛਾ ਕੱਟਿਆ'' (ਆਇਤ 29)।

(7) ਉਹ ਨਾਸ਼ੁਕਰਾ ਅਤੇ ਸ਼ਿਕਾਇਤੀ ਆਦਮੀ ਸੀ। (ਆਇਤਾਂ 29, 30)। ਉਸ ਨੇ ਉਸ ਸਭ ਦਾ ਜੋ ਉੱਥੇ ਹੋਇਆ ਸੀ, ਤਾਰੀਫ਼ ਨਹੀਂ ਕੀਤੀ।

(8) ਉਹ ਸਖ਼ਤ ਸੀ। ਉਸ ਨੇ ਆਪਣੇ ਭਰਾ ਨੂੰ ਭਰਾ ਨਹੀਂ ਮੰਨਿਆ (''*ਤੇਰਾ* ਇਹ ਪੁੱਤਰ'' [ਆਇਤ 30])। ਜਦੋਂ ਉਸ ਦਾ ਭਰਾ ਘਰ ਛੱਡ ਗਿਆ ਸੀ, ਤਾਂ ਉਸਨੇ ਸੋਚਿਆ ਹੋਵੇਗਾ, ''ਬਲਾ ਟਲੀ।''[5]

(9) ਉਹ ਈਰਖਾ ਕਰਨ ਵਾਲਾ ਸੀ।

(10) ਉਹ ਆਨੰਦ ਖ਼ਤਮ ਕਰਨ ਵਾਲਾ ਸੀ ਉਸ ਨੇ ਆਪਣੇ ਪਿਤਾ ਦੇ ਅਨੰਦ ਨੂੰ ਨਿਰਾਸ਼ਾ ਵਿਚ ਬਦਲਣ ਦੀ ਕੋਸ਼ਿਸ਼ ਕੀਤੀ (ਵੇਖੋ ਕਹਾਉਤਾਂ 17:22)।

(11) ਉਹ ਪਰੇਸ਼ਾਨੀ ਖੜੀ ਕਰਨ ਵਾਲਾ ਸੀ। ਉਸ ਨੇ ਅਨੰਦ ਮਨਾ ਰਹੇ ਪਰਿਵਾਰ ਦੀ ਸ਼ਾਂਤੀ ਭੰਗ ਕੀਤੀ।

(12) ਉਹ ਇਕ ਨਿਰਾਸ਼ਾਵਾਦੀ ਸੀ। ਉਸ ਦੇ ਸਭ ਵਿਚਾਰ ਨਕਾਰਾਤਮਕ ਸਨ।

ਵੱਡੇ ਭਰਾ ਵਿਚ *ਵਿਹਾਰ* ਦੀ ਮੁਸ਼ਕਿਲ ਸੀ। ਬੁਰਾ ਵਿਹਾਰ ਨਿਆਂ ਨੂੰ ਵਿਗਾੜ ਸਕਦਾ ਹੈ। ਆਪਣੇ ਭਰਾ ਦੀ ਵਾਪਸੀ ਤੇ ਉਸ ਇਨਸਾਨ ਦੀ ਪ੍ਰਤੀਕਿਰਿਆ ਸਾਨੂੰ ਇਹ ਪੁੱਛਣ ਤੇ ਮਜਬੂਰ ਕਰਦੀ ਹੈ ਕਿ ''ਉਹ ਘਰ ਵਿਚ *ਕਿਉਂ* ਰਿਹਾ ਸੀ; ਉਹ ਆਗਿਆਕਾਰੀ *ਕਿਉਂ* ਸੀ?'' ਸਾਫ਼ ਹੈ ਕਿ ਸਿਰਫ਼ ਕੋਈ ਇਨਾਮ ਪਾਉਣ ਲਈ ਹੋਵੇ ਨਾ ਹੋਵੇ ਭਲਾ ਕਰਨ ਦੀ ਉਸ ਦੀ ਇੱਛਾ ਬੁਰੇ ਇਰਾਦੇ ਤੋਂ ਸੀ।

ਹੋ ਸਕਦਾ ਹੈ ਕਿ ਵੱਡੇ ਭਰਾ ਦਾ ਧੁੰਦਲਾ ਪੱਖ ਸ਼ਾਇਦ ਸਾਹਮਣੇ ਨਾ ਹੀ ਆਉਂਦਾ ਜੇ ਉਸ ਦਾ ਭਰਾ ਘਰ ਨਾ ਆ ਜਾਂਦਾ। ਕਈ ਵਾਰ ਸਾਡੇ ਆਪਣੀ ਜ਼ਿੰਦਗੀ ਵਿਚ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਸਾਡੀ ਬੁਰਿਆਈ ਸਾਫ਼ ਵਿਖਾਈ ਦਿੰਦੀ ਹੈ, ਅਤੇ ਸਾਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ।

## ਬਿਨਾਂ ਆਪਣੇ ਘਮੰਡ ਨੂੰ ਛੱਡ ''ਘਰ ਵਾਪਸੀ'' ਸੰਭਵ ਨਹੀਂ (ਆਇਤਾਂ 31, 32)

ਉਜਾੜੂ ਪੁੱਤਰ ਦੇ ਘਰ ਆ ਜਾਣ ਤੇ ਪਿਤਾ ਉਸ ਦੇ ਪ੍ਰਤੀ ਦਿਆਲੂ ਸੀ; ਹੁਣ ਉਹ ਆਪਣੇ ਵੱਡੇ

ਪੁੱਤਰ ਦੇ ਪ੍ਰਤੀ ਦਿਆਲੂ ਸੀ। ਮੈਂ ਹੁੰਦਾ ਤਾਂ ਉਸ ਨੂੰ ਝਿੜਕਦੇ ਹੋਏ ਆਖਦਾ: ''ਓ ਨਾਸ਼ੁਕਰੇ ਬੱਚਿਆਂ ਵਾਂਗੂ ਗੱਲਾਂ ਨਾ ਕਰ! ਇਧਰ ਉਧਰ ਘੁੰਮਣਾ ਛੱਡ ਅਤੇ ਘਰ ਚੱਲ!'' ਇਸ ਦੇ ਉਲਟ ਪਿਤਾ ਨੇ ਉਸ ਦੇ ਨਾਲ ਹਲੀਮੀ ਨਾਲ ਗੱਲ ਕੀਤੀ। ਉਹ ਆਪਣਾ ਇਕ ਹੋਰ ਪੁੱਤਰ ਨਹੀਂ ਗੁਆਉਣਾ ਚਾਹੁੰਦਾ ਸੀ। ਪਿਤਾ ਦੇ ਸ਼ਬਦ ਸੰਖੇਪ ਸਨ। ਪਰ ਉਨ੍ਹਾਂ ਵਿਚ ਜ਼ਰੂਰੀ ਬਦਲਾਵਾਂ ਦਾ ਜੋ ਸਾਡੇ ਵਿੱਚੋਂ ਹਰ ਇਕ ਨੂੰ ਵੱਡੇ ਭਰਾ ਵਾਲੀ ਸੋਚ ਨਾਲ ਪਿੱਛਾ ਛੁਡਾਉਣ ਲਈ ਬਣਨਾ ਜ਼ਰੂਰੀ ਹੈ, ਸਾਰ ਸੀ:[6]

(1) ਬਰਕਤਾਂ ਜਿਹੜੀਆਂ ਤੁਹਾਨੂੰ ਮਿਲੀਆਂ ਹਨ, ਉਨ੍ਹਾਂ ਨੂੰ ਗਿਣੋ (ਆਇਤ 31): ਖ਼ੁਦਾ ਦੀ *ਹਜ਼ੂਰੀ* (''ਤੂੰ ਸਦਾ ਮੇਰੇ ਨਾਲ ਹੈਂ'') ਅਤੇ ਖ਼ੁਦਾ ਦੇ ਵੱਲੋਂ ਬਹੁਤ ਸਾਰੇ ਤੋਹਫ਼ੇ (''ਜੋ ਕੁਝ ਮੇਰਾ ਹੈ ਉਹ ਸਭ ਤੇਰਾ ਹੀ ਹੈ'')।

(2) ਆਪਣੇ ਸਬੰਧ ਨੂੰ ਮੰਨ ਲਓ[7] (ਆਇਤ 32; ''ਤੇਰਾ ਇਹ ਪੁੱਤਰ'' *[ਆਇਤ 30]* ਬਨਾਮ ''ਇਹ ਤੇਰਾ ਭਰਾ'' *[ਆਇਤ 32]*)।

(3) ਆਪਣੇ ਤਰਸ ਨੂੰ ਵਧਾਓ। ਪਿਤਾ ਨੇ ਆਖਿਆ, ''ਪਰ ਖੁਸ਼ੀ ਕਰਨੀ ਅਤੇ ਅਨੰਦ ਹੋਣਾ ਯੋਗ ਸੀ ...'' (ਆਇਤ 32)।

ਜੇ ਵੱਡੇ ਭਰਾ ਦਾ ਆਚਰਣ ਸਹੀ ਹੁੰਦਾ, ਤਾਂ ਉਹ ਮੇਜ਼ ਤੇ ਬੈਠ ਕੇ ਸੰਗੀਤ ਅਤੇ ਸ਼ਨਦਾਰ ਦਾਅਵਤ ਦਾ ਆਨੰਦ ਲੈ ਰਿਹਾ ਹੁੰਦਾ। ਇਸ ਦੀ ਥਾਂ, ਉਹ ਹਨੇਰੇ ਵਿਚ ਮਨ ਹੀ ਮਨ ਖਿਝ ਰਿਹਾ ਸੀ। ਉਸ ਵਿਚ ਆਤਮਾ ਦਾ ਫ਼ਲ ਨਹੀਂ ਸੀ (ਗਲਾਤੀਆਂ 5:22, 23)। ਆਪਣੇ ਮਨਾਂ ਵਿਚ ਉਸ ''ਫ਼ਲ'' ਨੂੰ ਪਾਉਣ ਨਾਲ ਸਾਡੇ ਸਬੰਧ ਦੀਆਂ ਵਧੇਰੇ ਮੁਸ਼ਕਿਲਾਂ ਹੱਲ ਹੋ ਜਾਣਗੀਆਂ

## ਸਾਰ

ਵੱਡੇ ਭਰਾ ਦਾ ਕੀ ਹੋਇਆ? ਕੀ ਉਹ ਆਪਣੇ ਪਿਤਾ ਦੀ ਗੱਲ ਮੰਨ ਕੇ ਆਨੰਦ ਦੁਆਉਣ ਲਈ ਘਰ ਵਿਚ ਆ ਗਿਆ? ਯਿਸੂ ਨੇ ਇਹ ਨਹੀਂ ਦੱਸਿਆ? ਜੇ ਤੁਸੀਂ ਰੂਹਾਨੀ ''ਵੱਡੇ ਭਰਾ'' ਹੋ ਤਾਂ ਬਦਲਣਾ ਮੁਸ਼ਕਿਲ ਹੈ। ਮਸੀਹ ਦਾ ਮਕਸਦ ਫਰੀਸੀਆਂ ਨੂੰ ਹਿਲਾਉਣਾ ਸੀ, ਕਿਉਂਕਿ ਵਧੇਰੇ ਫਰੀਸੀ ਨਹੀਂ ਬਦਲੇ ਸਨ। ਪਰ ਉਨ੍ਹਾਂ ਵਿੱਚੋਂ ਕੁਝ ਜ਼ਰੂਰ ਬਦਲੇ ਸਨ (ਰਸੂਲਾਂ ਦੇ ਕੰਮ 15:5; 23:6; 26:5; ਫ਼ਿਲਿੱਪੀਆਂ 3:5)– ਇਸ ਦਾ ਮਤਲਬ ਇਹ ਹੋਇਆ ਕਿ ਆਸ ਹੈ।

## ਨੋਟਸ

ਇਸ ਸੰਖੇਪ ਅਧਿਐਨ ਨੂੰ ਇਕ ਪੂਰਨ ਪੈਗ਼ਾਮ ਵਿਚ ਬਦਲਿਆ ਜਾ ਸਕਦਾ ਹੈ। ਤੁਸੀਂ ਇਸ ਪੈਗਾਮ ਨੂੰ ''ਵੱਡਾ ਭਾਗ'' ਨਾਮ ਦੇ ਸਕਦੇ ਹੋ ਅਤੇ ਸੰਭਵ ਸਿਰਲੇਖ ''ਰੁੱਖਾ ਸੰਤ'' ''ਘਰ ਰਹਿਣ ਵਾਲਾ ਮੁੰਡਾ'' ਅਤੇ ''ਜਦੋਂ ਘਰ ਵਿਚ ਹੀ ਦੂਰ ਦੇਸ਼ ਹੋਵੇ'' ਹੋ ਸਕਦਾ ਹੈ। ਐਤਵਾਰ ਸਵੇਰ, ''ਦੂਰ ਦੇਸ਼ ਵਿਚ ਗੁਆਚਿਆ'' (ਛੋਟਾ ਪੁੱਤਰ) ਅਤੇ ਸ਼ਾਮ ਨੂੰ ਜਾਂ ਬੁੱਧਵਾਰ ਨੂੰ ਬੰਦਗੀ ਵਿਚ ''ਘਰ ਵਿਚ ਗੁਆਚਿਆ'' (ਵੱਡਾ ਪੁੱਤਰ) ਤੇ ਵਿਚਾਰ ਕੀਤਾ ਜਾ ਸਕਦਾ ਹੈ।

---

ਟਿੱਪਣੀਆਂ

[1]ਸਮਾਜ ਸ਼ਾਸਤਰ ਮੁਤਾਬਿਕ, ਜਨਮ ਦੀ ਤਰਤੀਬ ਨਾਲ ਬੱਚਿਆਂ ਦੀ ਸ਼ਖ਼ਸ਼ੀਅਤ ਤੇ ਪ੍ਰਭਾਵ ਪੈ ਸਕਦਾ ਹੈ। ਤੁਸੀਂ ਚਾਹੋ ਤਾਂ ਇਸ ਨੂੰ ਸੰਖੇਪ ਰੂਪ ਦੇ ਸਕਦੇ ਹੋ, ਨਾ ਚਾਹੋ ਤਾਂ ਨਹੀਂ। [2]ਇਸਦਾ ਇਕ ਮਸ਼ਹੂਰ ਅਪਵਾਦ ਹੈ ਯਿਸੂ, ਜਿਸਦੇ ਛੋਟੇ ਸੁਤੇਲੇ ਭਰਾ ਅਤੇ ਸੁਤੇਲੀ ਭੈਣ ਸੀ। [3]ਅੱਗੇ ਦਿੱਤੀ ਗਈ ਸੂਚੀ ਵਿਚ ਟਿੱਪਣੀਆਂ ਸੁਝਾਈਆਂ ਗਈਆਂ ਹਨ, ਜਿਨ੍ਹਾਂ ਵਿਚੋਂ ਕੁਝ ਇਕ ਦੂਜੇ ਨੂੰ ਲੁਕਾ ਲੈਂਦੀਆਂ ਹਨ। ਉਨ੍ਹਾਂ ਪਾਪਾਂ ਦੀ ਗੱਲ ਕਰੋ ਜਿਨ੍ਹਾਂ ਨਾਲ

ਤੁਹਾਡੇ ਸੁਣਨ ਵਾਲੇ ਵਾਕਿਫ਼ ਹਨ ਅਤੇ ਫਿਰ ਜ਼ਰੂਰੀ ਵਚਨਾਂ ਦੇ ਨਾਲ ਜੋੜਦੇ ਹੋਏ ਉਨ੍ਹਾਂ ਨੂੰ ਸੰਖੇਪ ਨਾਲ ਦੱਸੋ। ਤੁਸੀਂ ਚਾਹੋ ਤਾਂ ਹਰ ਇਕ ਦੀ ਮਿਸਾਲ ਫਰੀਸੀਆਂ ਦੀਆਂ ਕਮੀਆਂ ਨੂੰ ਦੱਸ ਕੇ ਦੇ ਸਕਦੇ ਹੋ। [4]ਇਹ ਸਿਰਫ਼ ਕਲਪਨਾ ਹੋ ਸਕਦਾ ਹੈ, ਪਰ ਸੰਸਾਰ ਵਿਚ ਦੁਸ਼ਮਣ ਤੋਂ ਇਸ ਤੋਂ ਵੀ ਵੱਧ ਕ੍ਰੋਧ ਕਰਨ ਵਾਲੇ ਲੋਕ ਰਹੇ ਸਨ। ਕ੍ਰੋਧੀ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਅਪਰਾਧਾਂ ਨਾਲ ਅਖ਼ਬਾਰਾਂ ਦੀਆਂ ਸੁਰਖੀਆ ਬਣਦੀਆਂ ਹਨ। ਤੁਸੀਂ ਕ੍ਰੋਧ ਦੇ ਕਾਰਣਾਂ ਨੂੰ ਖੋਜ ਸਕਦੇ ਹੋ। [5]ਜਿੱਥੇ ਮੈਂ ਵੱਡਾ ਹੋਇਆ ਉੱਥੇ ਉਹ ਪੁਰਾਣੀ ਕਹਾਵਤ ਸੀ ਕਿ ਤੁਹਾਡੇ ਇਲਾਕੇ ਵਿਚ ਇਸ ਨਾਲ ਮਿਲਦੀ ਜੁਲਦੀ ਗੱਲ ਹੋ ਸਕਦੀ ਹੈ। [6]ਫੇਰ 31 ਅਤੇ 32 ਆਇਤਾਂ ਦੇ ਸੰਖੇਪ ਵਿਚ ਤੁਹਾਡੇ ਵਿਚਾਰ ਨੂੰ ਇਕੱਠਾ ਕਰਨ ਲਈ ਬਣਾਏ ਗਏ ਸਿਰਫ਼ ਸੁਝਾਅ ਹਨ। ਆਪਣੇ ਵਿਚਾਰਾਂ ਨੂੰ ਸੰਖੇਪ ਦਿਓ ਅਤੇ ਸਹੀ ਆਇਤਾਂ ਨੂੰ ਜੋੜੋ। ਤੁਸੀਂ ਦੋ ਮੁੱਖ ਪੁਆਇੰਟਾਂ ਵਿਚ ਦਿੱਤੀਆਂ ਗਈਆਂ ਸੂਚੀਆਂ ਨੂੰ ਮਿਲਾ ਸਕਦੇ ਹੋ। [7]ਸਾਡਾ ਸਬੰਧ ਸਭ ਪਾਪੀਆਂ ਨਾਲ ਹੈਃ ਖ਼ੁਦਾ ਦੀ ਬੇਵਿਸ਼ਵਾਸੀ ਸੰਤਾਨ ਮਸੀਹ ਦੇ ਰਾਹੀਂ ਸਾਡੀ ਰਿਸ਼ਤੇਦਾਰ ਹੈ; ਬਾਹਰੀ ਪਾਪੀ ਆਦਮ ਦੇ ਰਾਹੀਂ ਸਾਡੇ ਰਿਸ਼ਤੇਦਾਰ ਹਨ। ਇਸਦੇ ਇਲਾਵਾ ਸਾਡੇ ਸਾਰਿਆਂ ਦਾ ਪਾਪ ਇਕ ਹੀ ਹੈ।